ੴ ਸਤਿਗੁਰ ਪ੍ਰਸਾਦਿ।


।।ਅਕਾਲ ਸਹਾਇ।। ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ।।

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।। ਪਟਨਾ ਗੁਰੂ ਕਾ ਘਰ ਹੈ।। (ਹੁਕਮਨਾਮਾ ਪਾ: ੯)

# ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

# TAKHAT SRI HARIMANDIR JI, PATNA SAHIB

ਪਟਨਾ – ੮੦੦ ੦੦੮, ਬਿਹਾਰ (ਭਾਰਤ) Patna - 800 008, Bihar (India)

ਮੋਬਾਇਲ : 9334317774, ਦਫ਼ਤਰ : 0162-2641821 ਫੈਕਸ : 0612-2643814


ਮਿਤੀ 10-04-2008

## ਹੁਕਮ ਨਾਮਾ

ਅੱਜ ਮਿਤੀ 10 ਅਪ੍ਰੈਲ, 2008 ਦਿਨ ਵੀਰਵਾਰ ਸਿੱਖ ਕੌਮ, ਖਾਲਸਾ ਪੰਥ ਦੇ ਪੰਥਕ ਮਰਿਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵਲੋਂ ਪ੍ਰੋਫੇਸਰ ਦਰਸ਼ਨ ਸਿੰਘ ਰਾਗੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਪਣੀ ਰਚਨਾ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਵਿਰਧ ਬਹੁਤ ਹੀ ਅਪਮਾਨਜਨਕ ਸਬਦਾਵਲੀ ਦੀ ਵਰਤੋਂ ਕਰਨ ਬਾਰੇ ਬੜੀ ਗੰਭੀਰਤਾ ਦੇ ਨਾਲ ਪੰਜ ਪਿਆਰੇ ਸਿੰਘ ਸਾਹਿਬਾਂਨ ਵਲੋਂ ਵਿਚਾਰ ਕਰਕੇ ਗੁਰਮਤਾ ਪਾਸ ਕਰਕੇ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ।

ਪਹਿਲਾਂ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:-

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰ: ਬਿ: 1755 ਵਿਚ ਜਿਲਦ ਬੰਨੀ ਗਈ ਜਿਸ ਤੇ ਦਸਮ ਪਿਤਾ ਜੀ ਦੇ ਦਸਖ਼ਤ ਹਨ ਇਥੇ ਸਾਡੇ ਪਾਸ ਬਿਰਾਜਮਾਨ ਹਨ। ਭਾਈ ਦੇਸਾ ਸਿੰਘ ਜੀ ਨੇ ਰਹਿਤ ਨਾਮੇ ਵਿਚ ਲਿਖਿਆ ਹੈ, ਦੁਹੂੰ ਗ੍ਰੰਥ ਮਹਿ ਬਾਨੀ ਜੋਈ।। ਚੁਨ ਚੁਨ ਕੰਠ ਕਰੇ ਨਿਤ ਸੋਈ।। ਮਾਤਾ ਸੁੰਦਰ ਕੌਰ ਜੀ ਦੀ ਪ੍ਰਵਾਨਗੀ ਅਨੁਸਾਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬਾਣੀ ਇਕੱਠੀ ਲਿਖੀ ਉਹ ਬੀੜ ਦਿੱਲੀ ਵਿਖੇ ਹੈ ਪੰਥ ਨੇ, ਮਾਤਾ ਜੀ ਅਤੇ ਭਾਈ ਮਨੀ ਸਿੰਘ ਜੀ ਨਾਲ ਵੀਚਾਰ ਕਰਕੇ ਫੈਸਲਾ ਕੀਤਾ ਕਿ ਗੁਰਤਾ ਗੱਦੀ ਤੇ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਖੱਰੀ ਰਹੇ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਵਖੱਰੀ ਕਰਕੇ ਨਾਲ ਪ੍ਰਕਾਸ ਕੀਤਾ ਜਾਵੇ, ਇਸੇ ਤਰ੍ਹਾਂ ਹੀ ਹੋਇਆ, ਭਾਈ ਮਨੀ ਸਿੰਘ ਜੀ ਜਦੋਂ ਮਾਤਾ ਸੁੰਦਰ ਕੌਰ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਅਤੇ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਥਾਪੇ ਗਏ ਤਾਂ ਸ੍ਰੀ ਅਕਾਲ ਬੁੰਗਾ ਤਖ਼ਤ ਵਿਖੇ ਨਾਲ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਸੀ। ਦੂਜਾ ਪੰਥਕ ਫੈਸਲਾ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਕਾਸ਼ ਕਰਨ ਦਾ ਸਾਬੋ ਦੀ ਤਲਵੰਡੀ ਵਿਖੇ ਹੋਇਆ ਜਦੋਂ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਜੀ ਮੱਸੇ ਰੰਘੜ ਦਾ ਸਿਰ ਵੱਡ ਕੇ ਵਾਪਸ ਆਏ। ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਵਿਖੇ ਕਰੀਬ 1970 ਈ: ਤੱਕ ਨਾਲ ਪਕਾਸ਼ ਹੁੰਦਾ ਰਿਹਾ ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਜੀ ਵਿਖੇ ਵੀ ਕਾਫੀ ਸਮਾਂ ਪਹਿਲਾਂ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਇੱਕ ਹੀ ਕਲਮ ਦੀ ਲਿਖਤ ਹੈ ਉਹ ਕਲਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਹੈ।

**ਇਸ ਲਈ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ, ਤਖ਼ਤ ਸ੍ਰੀ ਕੇਸ਼ਗੜ੍ਹ ਆਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾਂ ਸਾਹਿਬ ਤਲਵੰਡੀ ਸਾਬੋ ਵਿਖੇ ਮੁੜ ਪਹਿਲਾ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਸ਼ਹੀਦ ਭਾਈ ਮਨੀ ਸਿੰਘ ਜੀ ਵੱਲੋਂ ਚਲਾਈ ਖਾਲਸਾ ਪੰਥ ਦੀ ਪੁਰਾਤਨ ਮਰਿਯਾਦਾ ਬਹਾਲ ਕੀਤੀ ਜਾਵੇ।**

ਸ਼ਹੀਦ ਭਾਈ ਮਨੀ ਸਿੰਘ ਜੀ ਜਿਨ੍ਹਾਂ 91 ਸਾਲ ਦੀ ਉਮਰ ਵਿੱਚ ਆਪਣਾ ਬੰਦ-ਬੰਦ ਕਟਵਾ ਕੇ ਜਾਮੇ ਸ਼ਹਾਦਤ ਪੀਤਾ, ਆਪਣੇ ਜੀਵਨ ਦੇ 78 ਸਾਲ ਚਾਰ ਗੁਰੂ ਸਾਹਿਬਾਨ ਦੀ ਸੇਵਾ ਵਿੱਚ ਬਿਤਾਏ, 13 ਸਾਲ ਦੀ ਉਮਰ ਵਿਚ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਸੇਵਾ ਵਿਚ ਇਨ੍ਹਾਂ ਦੇ ਪਿਤਾ ਜੀ ਕੀਰਤ ਪੁਰ ਛੱਡ ਗਏ ਸਨ, ਦਸਮ ਪਿਤਾ ਦੀ ਸੇਵਾ ਵਿੱਚ-ਜਿਥੇ ਗੁਰੂ ਜੀ ਇਨ੍ਹਾਂ ਪਾਸੋਂ ਆਪਣੀ ਬਾਣੀ ਲਿਖਾਉਂਦੇ ਸਨ, ਦਸਮ ਪਾਤਸ਼ਾਹ ਦੀ ਬਾਣੀ ਦੇ ਲਿਖਤੀ ਰਿਕਾਰਡ ਨੂੰ ਸੰਭਾਲਦੇ ਵੀ ਇਹੀ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਬਾਰੇ ਜਿਤਨਾ ਗਿਆਨ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਸੀ ਹੋਰ ਕਿਸੇ ਨੂੰ ਨਹੀਂ ਹੋ ਸਕੱਦਾ ਹੈ।

ਚਰਿਤ੍ਰ ਦੋ ਰੂਪਾ ਵਿਚ ਦਿਖਾਈ ਦਿੰਦੇ ਹਨ। ਚਰਿਤ੍ਰ ਕਾਵਿ ਅਤੇ ਲੀਲਾ ਕਾਵਿ, ਰਾਮ ਚਰਿਤ ਮਾਨਸ ਆਦਿ ਚਰਿਤ੍ਰ ਕਾਵਿ ਹਨ ਜਿਸ ਵਿੱਚ ਚੰਗੀ ਸਿਖਿਆ ਤਾਂ ਹੁੰਦੀ ਹੈ ਪਰ ਸਿਰਜਣਾਤਮਕ ਤੱਤਾਂ ਦਾ ਹੋਣਾ ਜ਼ਰੂਰੀ ਨਹੀਂ। ਲੀਲ੍ਹਾ ਕਾਵਿ, ਜਿਸ ਵਿਚ ਸਿਰਜਣਾਂ ਦੀ ਵੀਚਾਰ ਹੋਵੇ ਸਿਰਜਣਾਂ ਇਕ ਲੀਲ੍ਹਾ ਹੈ ਖੇਡ ਹੈ, ਪ੍ਰਭੂ ਨੂੰ ਇਸੇ ਲਈ ਸਿਰਜਣਹਾਰ ਕਿਹਾ ਹੈ। ਅਸੀਂ ਰਾਮ ਚੰਦਰ ਜੀ ਦੇ ਜੀਵਨ ਨੂੰ ਚਰਿਤ੍ਰ ਕਹਿੰਦੇ ਹਾਂ।

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਅਧਿਆਤਕ – ਗਿਆਨ ਸ਼ਾਸਤਰ, ਜ਼ਫ਼ਰਨਾਮਾ ਵਿਚ ਔਰੰਗਜ਼ੇਬ ਜਾਂ ਅਜਿਹੇ ਕਿਸੇ ਰਾਜ ਕਰਨ ਵਾਲੇ ਨੂੰ ਰਾਜਨੀਤਕ ਸੋਝੀ ਦਿੱਤੀ ਗਈ ਹੈ ਜੋ ਹੋਰ ਕਿਸੇ ਵੀ ਸਾਹਿਤ ਵਿਚ ਪ੍ਰਾਪਤ ਨਹੀਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ ਹਰ ਥਾਂ ਹਰੇਕ ਅੰਦਰ ਵੇਖਣਹਾਰ ਹਨ ਸਮਸਤੂਲ ਨਿਵਾਸੀ ਮੰਨਦੇ ਹਨ, ਉਸ ਨੂੰ ਅੰਧਕਾਰ ਵੀ ਕਹਿੰਦੇ ਹਨ, ਤੇਜ ਤੇਜੇ ਵੀ, ਕਲਹ ਕਰਤਾ ਵੀ ਤੇ ਸ਼ਾਂਤ ਰੂਪੇ ਵੀ, ਉਨ੍ਹਾਂ ਦੀ ਨਜ਼ਰ ਵਿਚ ਰੱਬ ਕੋਈ ਇਕ ਵਾਸਾ ਸੰਕਲਪ ਨਹੀਂ ਇਕ ਪਾਸੇ ਵੇਦ ਬਾਣੀ ਹੈ ਤੇ ਦੂਜੇ ਪਾਸੇ ਕੋਕ ਦੀ ਕਹਾਣੀ ਵੀ ਉਹੋ ਹੈ, ਜਤੀ ਵੀ ਉਹੋ ਹੈ ਤੇ ਕਾਮੀ ਵੀ ਉਹੋ। ਇਕ ਮਹੱਤਵ ਪੂਰਨ ਵਿਰੋਧਾਭਾਸ ਦਸਮ ਪਾਤਸ਼ਾਹ ਜੀ ਨੇ ਵਰਤਿਆ ਹੈ ਉਹ ਰੱਬ ਨੂੰ ਨਰ ਵੀ ਮੰਨਦੇ ਹਨ ਤੇ ਨਾਰ ਵੀ, ਉਹ ਅਕਾਲ ਪੁਰਖ ਵੀ ਤੇ ਸ੍ਰੀ ਭਗਉਤੀ ਵੀ ਹੈ।

ਖਾਲਸਾ ਜੀ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਵਿਰੁਧ ਕੂੜ ਪ੍ਰਚਾਰ ਕਰਨ ਵਾਲੇ ਦੁਸ਼ਟ ਲੋਕ-ਪੰਥ ਦੋਖੀ, ਕੌਮ ਦੇ ਗੱਦਾਰ ਹਨ, ਇਨ੍ਹਾਂ ਨੂੰ ਮੂੰਹ ਨਾ ਲਾਵੋ ਇਨ੍ਹਾਂ ਤੋਂ ਹਰ ਸਮੇ ਸੁਚੇਤ ਰਹਿਣ ਦੀ ਲੋੜ ਹੈ।

ਪ੍ਰੋ. ਦਰਸ਼ਨ ਸਿੰਘ ਜੀ ਰਾਗੀ ਤੁਸੀ ਭਲੀ ਪ੍ਰਕਾਰ ਸਾਰੀ ਜਾਣਕਾਰੀ ਹੁੰਦਿਆਂ ਹੋਇਆ ਲੋਭ ਵਸ ਅਤੇ ਪੰਥ ਦੋਖੀ ਤਾਕਤਾਂ ਅਧੀਨ ਜਾਣ ਬੁੱਝ ਕੇ ਲਗਾਤਾਰ ਇਕ ਸਾਲ ਤੋਂ ਦਸਮੇਸ਼ ਪਿਤਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਪਣੀ ਰਚਨਾ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਵਿਰੁਧ ਬਹੁਤ ਹੀ ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਕਿਸੇ ਸਾਜਿਸ ਅਧੀਨ ਕੂੜ ਪ੍ਰਚਾਰ ਕਰ ਰਹੇ ਹੋ, ਇਸ ਲਈ ਤੁਹਾਨੂੰ ਆਪਣੇ ਸੁਧਾਰ ਲਈ ਸਮਾਂ ਦੇਣ ਦੀ ਲੋੜ ਤਾਂ ਨਹੀਂ ਸੀ ਪਰ ਫਿਰ ਵੀ ਕੇਵਲ ਇਕ ਵਾਰਸਮਾਂ ਦਿੱਤਾ ਜਾਂਦਾ ਹੈ ਕਿ ਤੁਸੀ 10 ਮਈ 2008 ਨੂੰ ਸਵੇਰੇ 10 ਵਜੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਦੇ ਸਨਮੁਖ ਹਾਜ਼ਰ ਹੋ ਕੇ ਆਪਣਾ ਸਪਸਟੀਕਰਣ ਦਿਉ ਕਿ ਤੁਸੀਂ ਜਾਣ ਬੁੱਝ ਕੇ ਸਿੱਖ ਕੌਮ ਨਾਲ ਗੱਦਾਰੀ ਅਤੇ ਪੰਥ ਦੋਖੀ ਕਾਰਵਾਈਆਂ ਕਿਉ ਕਰ ਰਹੇ ਹੋ। ਹਾਜ਼ਰ ਨਾ ਹੋਣ ਤੇ ਗੁਰੂ ਪੰਥ ਦੀ ਪੰਥਕ ਗੁਰਮਰਿਯਾਦਾ ਅਨੁਸਾਰ ਤੁਹਾਨੂੰ ਪੱਕਾ ਤਨਖਾਹੀਆ ਘੋਸ਼ਿਤ ਕਰ ਦਿਤਾ ਜਾਵੇਗਾ।

ਸਾਰੇ ਸੰਸਾਰ ਦੀਆਂ ਗੁਰਸਿੱਖ ਸੰਗਤਾਂ ਨੂੰ ਖਾਲਸਾ ਪੰਥ ਦੇ ਪੰਥਕ ਮਰਿਯਾਦਾ ਦੇ ਸਰਵਉੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਵੱਲੋਂ ਆਦੇਸ਼ ਦਿੱਤਾ ਜਾਂਦਾ ਹੈ ਕਿ ਦਰਸ਼ਨ ਸਿੰਘ ਰਾਗੀ ਨੂੰ ਮੂੰਹ ਨਾ ਲਾਉਣ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਵੱਲੋਂ ਫਿਟਕਾਰਿਆ ਗਿਆ ਹੈ, ਜੋ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਸੰਸਥਾਵਾਂ ਇਸ ਨੂੰ ਬੋਲਣ ਦਾ ਸਮਾਂ ਦੇਣਗੇ ਉਹ ਵੀ ਪੰਥ ਦੋਖੀ ਤੇ ਸਿੱਖ ਕੌਮ ਦੇ ਗੱਦਾਰ ਹੀ ਹੋਣਗੇ, ਗੁਰਸਿੱਖ ਸੰਗਤਾਂ ਇਸ ਤਰ੍ਹਾਂ ਦੇ ਪ੍ਰਬੰਧਕਾਂ ਤੋਂ ਵੀ ਸੁਚੇਤ ਰਹਿਣ।

13 ਅਪ੍ਰੈਲ, 2008 ਦਿਨ ਐਤਵਾਰ ਖਾਲਸਾ ਜੀ ਦੇ ਪਾਵਨ ਜਨਮ ਦਿਹਾੜੇ ਵੈਸਾਖੀ ਪੁਰਬ ਤੇ ਕੁਝ ਖਾਸ ਪੰਥਕ ਵਿਚਾਰਾਂ ਕਰਨ ਲਈ ਪੰਜ ਪਿਆਰੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕਤੱਰਤਾ ਦੋਪਹਿਰ 2.00 ਵਜੇ ਹੋਵੇਗੀ।

ਪੰਜ ਪਿਆਰੇ ਸਿੰਘ ਸਾਹਿਬਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ

ਤਖ਼ਤ
ਸ੍ਰੀ ਹਰਿਮੰਦਰ ਜੀ
ਪਟਨਾ ਸਾਹਿਬ

(ਰਾਜਿੰਦਰ ਸਿੰਘ)
ਹੈਡ ਗ੍ਰੰਥੀ

(ਇਕਬਾਲ ਸਿੰਘ)
ਜਥੇਦਾਰ

(ਬਲਦੇਵ ਸਿੰਘ)
ਸੀ: ਗ੍ਰੰਥੀ

(ਦਲੀਪ ਸਿੰਘ)
ਗ੍ਰੰਥੀ

(ਨਿਹਾਲ ਸਿੰਘ)
ਗ੍ਰੰਥੀ